ਬੱਚਿਆਂ ਲਈ ਬਾਈਬਲ

ਉਪੱਸਥਿਤ



# ਬੁੱਧੀਮਾਨ ਬਾਦਸ਼ਾਹ ਸੁਲੇਮਾਨ

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus
ਦੁਆਰਾ ਬਦਲਿਆ ਗਿਆ : Ruth Klassen
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਣਾਇਆ ਗਿਆ : Bible for Children
www.M1914.org

BFC
PO Box 3
Winnipeg, MB R3C 2G1
Canada

©2015 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਬਾਦਸ਼ਾਹ ਦਾਊਦ ਪਰਮੇਸ਼ਵਰ ਦਾ ਮਹਾਨ ਆਦਮੀ ਸੀ। ਉਸਦੇ ਰਾਜ ਦੇ ਵੇਲੇ, ਇਸਰਾਏਲ ਸ਼ਾਊਲ ਦੇ ਰਾਜ ਨਾਲੋਂ ਦਸ ਗੁਣਾ ਜਿਆਦਾ ਵਧ ਗਿਆ ਸੀ। ਪਰ ਉਹ ਹੁਣ ਅੱਗੇ ਤੋਂ ਰਾਜ ਨਹੀ ਕਰ ਸਕਦਾ ਸੀ। ਦਾਊਦ ਬੁੱਢਾ ਸੀ। ਅਤੇ ਬਜ਼ੁਰਗ ਸੀ! ਅਤੇ ਬਿਮਾਰ! ਉਸਦੀ ਜਿੰਦਗੀ ਧਰਤੀ ਤੇ ਅੰਤ ਦੇ ਦਿਨ ਕੱਟ ਰਹੀ ਸੀ।





ਦਾਊਦ ਦੇ ਬਹੁਤ ਸਾਰੇ ਪੁੱਤਰਾਂ ਵਿੱਚੋਂ ਇੱਕ ਅਦੋਨੀਜ਼ਾਹ ਨੇ ਇਸਰਾਏਲ ਦੇ ਲੋਕਾਂ ਨੂੰ ਆਖਿਆ ਕੀ ਹੁਣ ਉਹ ਬਾਦਸ਼ਾਹ ਹੋਵੇਗਾ। ਜ਼ਦਕਿ ਉਸਦੇ ਨਾ ਦਾ ਮਤਲਬ "ਯਹੋਵਾ ਮੇਰਾ ਪਰਮੇਸ਼ਵਰ ਹੈ", ਅਦੋਨੀਯਾਹ ਭਲਾ ਮਨੁੱਖ ਨਹੀ ਸੀ। ਇਹ ਜਾਣਦੇ ਹੋਏ ਕੀ ਦਾਊਦ ਬਹੁਤ ਕਮਜ਼ੋਰ ਹੈ ਅਤੇ ਉਸਨੂੰ ਰੋਕ ਨਹੀ ਸਕਦਾ, ਉਸਨੇ ਰਾਜ ਨੂੰ ਚੁਰਾਉਣ ਦੀ ਕੋਸ਼ਿਸ਼ ਕੀਤੀ। ਪਰ ਪਰਮੇਸ਼ਵਰ ਦੀ ਯੋਜ਼ਨਾ ਹੋਰ ਸੀ।

ਦਾਊਦ ਦੀ ਪਤਨੀ ਬੇਤਸ਼ਬਾਹ ਜਾਣਦੀ ਸੀ ਕੀ ਉਸਦਾ ਪੁੱਤਰ ਸੁਲੇਮਾਨ ਹੀ ਬਾਦਸ਼ਾਹ ਬਣੇਗਾ। ਉਸਨੇ ਦਾਊਦ ਨੂੰ ਅਦੋਨੀਜ਼ਾਹ ਦੀ ਯੋਜ਼ਨਾ ਦੇ ਬਾਰੇ ਦੱਸਿਆ। ਜਿਵੇਂ ਉਹ ਬੀਮਾਰ ਸੀ, ਦਾਊਦ ਨੇ ਆਪਣੇ ਲੀਡਰਾਂ ਨੂੰ ਇਕੱਠਾ ਕੀਤਾ ਅਤੇ ਦੁਨੀਆ ਦੇ ਲਈ ਸੁਲੇਮਾਨ ਨੂੰ ਬਾਦਸ਼ਾਹ ਬਣਾ ਦਿੱਤਾ।



ਸੁਲੇਮਾਨ ਨੂੰ ਅਦੋਨੀਜ਼ਾਹ ਨਾਲ ਹੋਰ ਕੋਈ ਪਰੇਸ਼ਾਨੀ ਨਹੀ ਸੀ ਕਿਉਂਕਿ ਇਸਰਾਏਲ ਦੇ ਲੋਕਾਂ ਨੇ ਦਾਊਦ ਤੇ ਭਰੋਸਾ ਕੀਤਾ। ਦਾਊਦ ਨੇ ਉਹਨਾਂ ਨੂੰ ਆਖਿਆ ਸੁਲੇਮਾਨ ਉਹ ਹੈ ਜਿਸ ਨੂੰ ਪਰਮੇਸ਼ਵਰ ਨੇ ਤੁਹਾਡਾ ਬਾਦਸ਼ਾਹ ਹੋਣ ਲਈ ਚੁਣਿਆ ਹੈ। ਉਸਦੇ ਕੁਝ ਸਮੇ ਬਾਅਦ ਦਾਊਦ ਮਰ ਗਿਆ।





ਦਾਊਦ ਨੇ ਮਰਨ ਤੋਂ ਪਹਿਲਾਂ, ਉਸਨੇ ਸੁਲੇਮਾਨ ਦੇ ਨਾਲ ਪਰਮੇਸ਼ਵਰ ਦੀ ਆਗਿਆ ਨੂੰ ਮੰਨਣ ਦੀ ਅਤੇ ਚੰਗਾ ਬਾਦਸ਼ਾਹ ਬਨਣ ਦੇ ਬਾਰੇ ਵਿੱਚ ਗੱਲ ਕੀਤੀ। “ਪਰਮੇਸ਼ਵਰ ਦੇ ਰਾਹਾਂ ਉੱਤੇ ਚੱਲੀ, ਤਾਂ ਤੂੰ ਆਪਣੇ ਸਾਰੇ ਕੰਮਾਂ ਵਿੱਚ ਸਫ਼ਲ ਹੋਵੇਂਗਾ।” ਇਹ ਅੱਛੀ ਸਿੱਖਿਆ ਸੀ! ਤਦ ਸੁਲੇਮਾਨ ਆਪਣੇ ਪਿਤਾ ਦਾਊਦ ਦੀ ਗੱਦੀ ਉੱਤੇ ਬੈਠ ਗਿਆ ਅਤੇ ਉਸਦੀ ਬਾਦਸ਼ਾਹੀ ਦੀ ਪੱਕੇ ਤੌਰ ਤੇ ਸਥਾਪਨਾ ਹੋ ਗਈ।

ਇੱਕ ਰਾਤ, ਸੁਲੇਮਾਨ ਨੇ ਇੱਕ ਸੁਫ਼ਨਾ ਵੇਖਿਆ। ਉਸਦੇ ਸੁਫ਼ਨੇ ਵਿੱਚ, ਪਰਮੇਸ਼ਵਰ ਉਸਦੇ ਸਾਹਮਣੇ ਪਰਗਟ ਹੋਏ ਅਤੇ ਆਖਿਆ, "ਮੰਗ! ਮੈਂ ਤੈਨੂੰ ਕੀ ਦੇਵਾਂ?"

ਤੁਸੀ ਕੀ ਮੰਗਿਆ ਹੋਵੇਗਾ?



ਸੁਲੇਮਾਨ ਨੇ ਅੱਛਾ ਬਾਦਸ਼ਾਹ ਬਨਣ
ਲਈ ਬੁੱਧੀ ਮੰਗੀ। ਜਵਾਨ ਬਾਦਸ਼ਾਹ
ਦੀ ਬੇਨਤੀ ਨੇ ਪਰਮੇਸ਼ਵਰ ਨੂੰ
ਖ਼ੁਸ਼ ਕਰ ਦਿੱਤਾ। ਸੁਲੇਮਾਨ
ਨੂੰ ਉਹ ਮਿਲਿਆ ਜਿਸ
ਦੀ ਉਸਨੇ ਮੰਗ
ਕੀਤੀ - ਪਰ
ਪਰਮੇਸ਼ਵਰ ਨੇ
ਉਸ ਨਾਲ
ਮਹਾਨ ਅਮੀਰੀ
ਅਤੇ ਇੱਜ਼ਤ
ਦਾ ਵੀ
ਵਾਇਦਾ
ਕੀਤਾ।





ਸੁਲੇਮਾਨ ਦੀ ਬੁੱਧੀ ਨੂੰ ਸਮਝਣ ਲਈ ਲੋਕਾਂ ਨੂੰ ਜਿਆਦਾ ਸਮਾਂ ਨਾ ਲੱਗਾ। ਇੱਕ ਦਿਨ, ਦੋ ਮਾਤਾਵਾਂ ਉਸਦੇ ਸਾਹਮਣੇ ਇੱਕ ਬੱਚੇ ਨੂੰ ਲੈ ਕੇ ਆਈਆਂ। “ਇਸ ਔਰਤ ਦਾ ਬੱਚਾ ਰਾਤ ਦੇ ਵੇਲੇ ਮਰ ਗਿਆ, ਅਤੇ ਉਸਨੇ ਆਪਣਾ ਮਰਿਆ ਬੱਚਾ ਮੇਰੇ ਜਿਉਂਦੇ ਬੱਚੇ ਨਾਲ ਵਟਾ ਲਿਆ,” ਇੱਕ ਔਰਤ ਨੇ ਆਖਿਆ। “ਨਹੀ! ਪਰ ਇਹ ਜਿਉਂਦਾ ਬੱਚਾ ਮੇਰਾ ਹੈ, ਅਤੇ ਇਹ ਮਰਿਆ ਹੋਇਆ ਬੱਚਾ ਤੇਰਾ ਹੈ,” ਦੂਸਰੀ ਔਰਤ ਨੇ ਆਖਿਆ। ਬਾਦਸ਼ਾਹ ਕਿਸ ਤਰ੍ਹਾਂ ਦੱਸੇਗਾ ਕੇ ਸੱਚੀ ਮਾਤਾ ਕੌਣ ਹੈ?

ਤਦ ਬਾਦਸ਼ਾਹ ਨੇ ਆਖਿਆ, “ਮੇਰੇ ਕੋਲ ਇੱਕ ਤਲਵਾਰ ਲਿਆਉ।” ਤਾਂ ਉਹਨਾਂ ਨੇ ਇੱਕ ਤਲਵਾਰ ਬਾਦਸ਼ਾਹ ਦੇ ਸਾਹਮਣੇ ਲਿਆਂਦੀ। ਤੁਸੀ ਕੀ ਸੋਚਦੇ ਹੋ ਬਾਦਸ਼ਾਹ ਤਲਵਾਰ ਨਾਲ ਕੀ ਕਰਨ ਦੀ ਯੋਜ਼ਨਾ ਕਰ ਰਿਹਾ ਸੀ?



ਅਤੇ ਬਾਦਸ਼ਾਹ ਨੇ ਆਖਿਆ, “ਜਿਉਂਦੇ ਬੱਚੇ ਦੇ ਦੋ ਹਿੱਸੇ ਕਰ ਦਿਉ ਅਤੇ ਅੱਧਾ ਹਿੱਸਾ ਇਸ ਨੂੰ ਦੇ ਦਿਉ ਅਤੇ ਦੂਸਰਾ ਅੱਧਾ ਹਿੱਸਾ ਦੂਸਰੀ ਨੂੰ ਦੇ ਦਿਉ।” ਤਦ ਜਿਉਂਦੇ ਬੱਚੇ ਦੀ ਮਾਤਾ ਨੇ ਆਖਿਆ, “ਹੇ ਮੇਰੇ ਪ੍ਰਭੂ, ਇਹ ਜਿਉਂਦਾ ਬੱਚਾ ਉਸਨੂੰ ਦੇ ਦਿਉ ਉਸਨੂੰ ਮਾਰਨ ਦਾ ਕੋਈ ਮਤਲਬ ਨਹੀ।”



ਪਰ ਦੂਸਰੀ ਨੇ ਆਖਿਆ, “ਇਹ ਨਾ ਮੇਰਾ ਹੋਵੇ ਅਤੇ ਨਾ ਤੇਰਾ ਹੋਵੇ, ਪਰ ਇਸਦੇ ਹਿੱਸੇ ਕਰ ਦਿਓ।”





ਤਾਂ ਬਾਦਸ਼ਾਹ ਨੇ ਆਖਿਆ, “ਪਹਿਲੀ ਔਰਤ ਨੂੰ ਜਿਉਂਦਾ ਬੱਚਾ ਦੇ ਦਿਉ। ਇਹ ਮਾਤਾ ਹੈ।” ਸਾਰੀ ਇਸਰਾਏਲ ਨੇ ਨਿਆਂ ਨੂੰ ਸੁਣਿਆ, ਅਤੇ ਉਹਨਾਂ ਬਾਦਸ਼ਾਹ ਦੀ ਮਹਾਨਤਾ ਨਾਲ ਇੱਜ਼ਤ ਕੀਤੀ। ਉਹਨਾਂ ਨੇ ਵੇਖਿਆ ਕੀ ਪਰਮੇਸ਼ਵਰ ਦੀ ਬੁੱਧੀ ਉਸ ਵਿੱਚ ਹੈ।

ਇਸਰਾਏਲ ਦੇ ਲੋਕਾਂ ਕੋਲ ਕੋਈ ਮੰਦਰ ਨਹੀ ਸੀ ਜਿਸ ਵਿੱਚ ਉਹ ਪਰਮੇਸ਼ਵਰ ਦੀ ਉਪਾਸਨਾ ਕਰਨ। ਜਦ ਦਾਊਦ ਨੇ ਇੱਕ ਬਣਾਉਣ ਦੀ ਯੋਜ਼ਨਾ ਬਣਾਈ, ਪਰਮੇਸ਼ਵਰ ਨੇ ਆਖਿਆ, “ਤੇਰਾ ਪੁੱਤਰ ਮੇਰੇ ਨਾ ਦਾ ਘਰ ਬਣਾਵੇਗਾ।” ਤਾਂ ਸੁਲੇਮਾਨ ਨੇ ਇੱਕ ਸੁੰਦਰ ਮੰਦਰ ਯਰੂਸ਼ਲਮ ਵਿੱਚ ਬਣਾਉਣਾ ਸ਼ੁਰੂ ਕੀਤਾ।



ਇਸ ਮੰਦਰ ਨੂੰ ਬਣਾਉਣ ਲਈ ਸੱਤ ਸਾਲਾਂ ਤੋਂ ਜਿਆਦਾ ਸਮਾਂ ਲੱਗਾ। ਪਰ ਉਹ ਮਹਾਨ ਦਿਨ ਆਇਆ ਜਦ ਸੁਲੇਮਾਨ ਨੇ ਯਹੋਵਾ ਨੂੰ ਮੰਦਰ ਸਮਰਪਿਤ ਕੀਤਾ ਸਾਰੇ ਉਸ ਨੂੰ ਸੁਨਣ ਲਈ ਇਕੱਠਾ ਹੋਏ।




ਇੱਕ ਅਦਭੁਤ ਪ੍ਰਾਥਨਾਂ ਦੇ
ਬਾਅਦ, ਬਾਦਸ਼ਾਹ ਅਤੇ ਲੋਕਾਂ
ਨੇ ਖ਼ੁਸ਼ੀ ਨਾਲ ਹਜ਼ਾਰਾਂ ਬਲੀਦਾਨ
ਕੀਤੇ ਅਤੇ ਦੋ ਹਫ਼ਤਿਆਂ ਤੱਕ
ਇੱਕ ਮਹਾਨ ਜਸ਼ਨ
ਮਨਾਇਆ!

ਉਸਦੇ ਬਾਅਦ, ਪਰਮੇਸ਼ਵਰ ਫਿਰ
ਸੁਲੇਮਾਨ ਤੇ ਪਰਗਟ ਹੋਇਆ ਅਤੇ
ਉਸਨੂੰ ਅਤੇ ਇਸਰਾਏਲ ਨੂੰ ਉਦੋਂ ਤੱਕ
ਆਸ਼ੀਸ਼ ਦੇਣ ਦਾ ਵਾਇਦਾ ਕੀਤਾ
ਜਦ ਤੱਕ ਉਹ ਪਰਮੇਸ਼ਵਰ ਦੀ
ਆਗਿਆ ਦੀ ਪਾਲਣਾ ਕਰਨਗੇ।





ਅਫ਼ਸੋਸ ਨਾਲ, ਨਾ ਸੁਲੇਮਾਨ ਅਤੇ ਨਾ ਹੀ ਇਸਰਾਏਲ ਦੇ ਲੋਕਾਂ ਨੇ ਹਮੇਸ਼ਾਂ ਪਰਮੇਸ਼ਵਰ ਦੀ ਆਗਿਆ ਪਾਲਣਾ ਕੀਤੀ। ਪਰਮੇਸ਼ਵਰ ਜਿਹਨਾਂ ਔਰਤਾਂ ਨਾਲ ਉਸਦਾ ਵਿਆਹ ਨਹੀ ਕਰਾਉਣਾ ਚਾਹੁੰਦਾ ਸੀ ਬਾਦਸ਼ਾਹ ਨੇ ਬਹੁਤ ਸਾਰੀਆਂ ਔਰਤਾਂ ਨਾਲ ਵਿਆਹ ਕੀਤਾ। ਉਸਦੀਆਂ ਗੈਰ ਜਾਤੀ ਪਤਨੀਆਂ ਨੇ ਉਸਦਾ ਦਿਲ ਮੂਰਤੀ ਪੂਜਾ ਵੱਲ ਲਾ ਦਿੱਤਾ; ਅਤੇ ਉਸਦਾ ਦਿਲ ਯਹੋਵਾ ਆਪਣੇ ਪਰਮੇਸ਼ਵਰ ਵੱਲ ਵਫ਼ਾਦਾਰ ਨਹੀ ਸੀ, ਜਿਵੇਂ ਉਸਦੇ ਪਿਤਾ ਦਾਊਦ ਦਾ ਦਿਲ ਸੀ।



ਜਦ ਸੁਲੇਮਾਨ ਨੇ ਪਰਮੇਸ਼ਵਰ ਦੀ ਆਗਿਆ ਨੂੰ ਮੰਨਣ ਦਾ ਮੌਕਾ ਗਵਾ ਦਿੱਤਾ, ਉਸਦੇ ਅਫ਼ਸਰਾਂ ਵਿੱਚੋਂ ਇੱਕ ਯਾਰੋਬਿਆਮ ਨੇ ਇੱਕ ਅਜੀਬ ਤਜਰਬਾ ਕੀਤਾ। ਇੱਕ ਨਬੀ ਨੇ ਉਸ ਨੂੰ ਕਿਹਾ ਪਰਮੇਸ਼ਵਰ ਸੁਲੇਮਾਨ ਦੀ ਬਾਦਸ਼ਾਹੀ ਵੰਡ ਦੇਵੇਗਾ ਅਤੇ ਯਾਰੋਬਿਆਮ ਬਾਰਾਂ ਵਿੱਚੋਂ ਦਸ ਜਾਤੀਆਂ ਤੇ ਹਕੂਮਤ ਕਰੇਗਾ। ਯਾਰੋਬਿਆਮ ਜਲਦੀ ਨਾਲ ਮਿਸਰ ਨੂੰ ਭੱਜ ਗਿਆ। ਉਹ ਜਾਣ ਗਿਆ ਜੇਕਰ ਉਹ ਰੁਕੇਗਾ ਤਾਂ ਸੁਲੇਮਾਨ ਉਸਨੂੰ ਮਾਰ ਦੇਵੇਗਾ।





ਆਖਰਕਾਰ ਸੁਲੇਮਾਨ ਮਰ ਗਿਆ। ਉਸਦੇ ਪੁੱਤਰ, ਰਹੋਬਿਆਮ, ਨੇ ਸੂਲੇਮਾਨ ਤੋਂ ਵੀ ਜਿਆਦਾ ਟੈਕਸ ਲੋਕਾਂ ਉੱਤੇ ਲਗਾ ਦਿੱਤੇ।ਦਸ ਜਾਤੀਆਂ ਨੇ ਬਗ਼ਾਵਤ ਕੀਤੀ ਅਤੇ ਆਪਣਾ ਲੀਡਰ ਹੋਣ ਲਈ ਯਾਰੋਬਿਆਮ ਨੂੰ ਚੁਣ ਲਿਆ। ਸੁਲੇਮਾਨ ਦੀ ਮਹਾਨ ਬਾਦਸ਼ਾਹੀ ਦੋ ਹਿੱਸਿਆਂ ਵਿੱਚ ਵੰਡੀ ਗਈ, ਉਸੇ ਤ੍ਰਾਂ ਜਿਵੇਂ ਪਰਮੇਸ਼ਵਰ ਦੇ ਨਬੀ ਨੇ ਆਖਿਆ ਸੀ। ਪਰਮੇਸ਼ਵਰ ਆਗਿਆ ਨਾ ਮੰਨਣ ਵਾਲਿਆਂ ਨੂੰ ਆਸ਼ੀਸ਼ ਨਹੀ ਦੇਵੇਗਾ!

# ਬੁੱਧੀਮਾਨ ਬਾਦਸ਼ਾਹ ਸੁਲੇਮਾਨ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

1 ਰਾਜਿਆਂ ਦੀ ਕਿਤਾਬ 1 - 12

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸਜ਼ਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16